

# ਐਸ.ਏ.ਐਸ ਨਗਰ ਅਜੀਤ 8

ਅਜੀਤ ਚੰਡੀਗੜ੍ਹ
ਸੋਮਵਾਰ, 9 ਦਸੰਬਰ 2024




# ਨਿਰਮੈਲ ਸਿੰਘ ਜੌਲਾ ਦੀ ਅਗਵਾਈ ਹੇਠ ਸਾਲਾਨਾ ਸੀਸ ਮਾਰਗ ਯਾਤਰਾ ਦਾ ਥਾਂ-ਥਾਂ 'ਤੇ ਭਰਵਾਂ ਸਵਾਗਤ ਕੀਤਾ

## ਝਾਰਮੜੀ ਵਿਖੇ ਲਾਲੜੂ ਇਲਾਕੇ ਦੀ ਸੰਗਤ ਨੇ ਯਾਤਰਾ 'ਚ ਲੁਆਈ ਭਰਵੀਂ ਹਾਜ਼ਰੀ

ਲਾਲੜੂ, 8 ਦਸੰਬਰ (ਰਾਜਬੀਰ ਸਿੰਘ)-ਸੰਗਤਾਂ ਦੇ ਸਹਿਯੋਗ ਨਾਲ ਸਜਾਈ ਗਈ 14ਵੀਂ ਸਾਲਾਨਾ ਸੀਸ ਮਾਰਗ ਯਾਤਰਾ ਦਾ ਪੰਜਾਬ ਦੇ ਪ੍ਰਵੇਸ਼ ਦੁਆਰ ਪਿੰਡ ਝਾਰਮੜੀ ਬਾਰਡਰ 'ਤੇ ਲਾਲੜੂ ਖੇਤਰ ਦੀਆਂ ਸੰਗਤਾਂ ਵਲੋਂ ਭਰਵਾਂ ਸਵਾਗਤ ਕੀਤਾ ਗਿਆ। ਇਸ ਮੌਕੇ ਵੱਡੀ ਗਿਣਤੀ ਸੰਗਤਾਂ ਨੇ ਯਾਤਰਾ 'ਚ ਹਾਜ਼ਰੀ ਭਰਦਿਆਂ ਗੁਰੂ ਮਹਾਰਾਜ ਦਾ ਅਸ਼ੀਰਵਾਦ ਲਿਆ। ਇਸ ਨਗਰ ਕੀਰਤਨ (ਸੀਸ ਮਾਰਗ ਯਾਤਰਾ) ਦਾ ਝਾਰਮੜੀ ਪੁੱਜਣ 'ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਨਿਰਮੈਲ ਸਿੰਘ ਜੌਲਾ ਅਤੇ ਗੁਰੂ ਮਾਨਿਓ ਗ੍ਰੰਥ ਨਿਸ਼ਕਾਮ ਸੇਵਾ ਸੁਸਾਇਟੀ ਦੇ ਅਹੁਦੇਦਾਰਾਂ ਵਲੋਂ ਭਰਵਾਂ ਸਵਾਗਤ ਕੀਤਾ ਅਤੇ ਸੰਗਤਾਂ ਵਿਚਕਾਰ ਦੁੱਧ ਅਤੇ ਬਰੈਡਾਂ ਦਾ ਲੰਗਰ ਵਰਤਾਇਆ ਗਿਆ। ਇਸ ਮੌਕੇ ਨਿਰਮੈਲ ਸਿੰਘ ਜੌਲਾ ਨੇ ਸੰਗਤਾਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਨਗਰ ਕੀਰਤਨ ਨਾਲ ਜਿੱਥੇ ਸੰਗਤਾਂ 'ਚ ਉਤਸ਼ਾਹ ਵਧਦਾ ਹੈ, ਉਥੇ ਹੀ ਸੰਗਤਾਂ 'ਚ ਧਾਰਮਿਕ ਤੇ ਸਮਾਜਿਕ ਭਾਵਨਾ ਵੀ ਪੈਦਾ ਹੁੰਦੀ ਹੈ। ਇਸ ਮੌਕੇ ਗੁਰੂ ਮਾਨਿਓ ਗ੍ਰੰਥ ਨਿਸ਼ਕਾਮ ਸੇਵਾ ਸੁਸਾਇਟੀ ਦੇ ਦੇ ਪ੍ਰਧਾਨ ਬਾਬਾ ਮਨਜੀਤ ਸਿੰਘ ਜ਼ੀਰਕਪੁਰ ਵਲੋਂ ਸੰਗਤਾਂ ਵਿਚਕਾਰ ਬੂਟਿਆਂ ਦਾ ਲੰਗਰ ਵਰਤਾਇਆ ਗਿਆ ਅਤੇ ਹਰ ਇਕ ਨੂੰ ਬੂਟੇ ਦਾ ਪਾਲਣ-ਪੋਸ਼ਣ ਕਰਨ ਦਾ ਸੱਦਾ ਦਿੱਤਾ ਗਿਆ। ਇਸ ਮੌਕੇ ਨਿਰਮੈਲ ਸਿੰਘ ਜੌਲਾ ਨੇ ਦੱਸਿਆ ਕਿ ਇਹ ਨਗਰ ਕੀਰਤਨ ਝਾਰਮੜੀ, ਲਾਲੜੂ, ਲੈਹਲੀ ਤੇ ਬਨੂੰੜ ਨੂੰ ਹੁੰਦਾ ਹੋਇਆ ਅੱਜ ਸ਼ਾਮ ਗੁਰਦੁਆਰਾ ਨਾਭਾ ਸਾਹਿਬ ਵਿਖੇ ਵਿਸ਼ਰਾਮ ਕਰਗੇ, ਉਥੋਂ ਸਵੇਰ ਸਮੇਂ ਸ੍ਰੀ ਕੀਰਤਪੁਰ ਸਾਹਿਬ ਲਈ ਚਾਲੇ ਪਾਵੇਗਾ। ਇਸ ਮੌਕੇ ਸੁਰਜੀਤ ਸਿੰਘ ਪ੍ਰਧਾਨ ਪ੍ਰਧਾਨ ਕੁਲਦੀਪ ਸਿੰਘ ਸਰਸੀਣੀ, ਬਖ਼ਸ਼ੀਸ਼ ਸਿੰਘ ਭੱਟੀ, ਅਮਰਜੀਤ ਸਿੰਘ ਧਰਮਗੜ੍ਹ ਤੇ ਪ੍ਰਕਾਸ਼ ਸਿੰਘ ਆਦਿ ਨੇ ਵੀ ਹਾਜ਼ਰੀ ਲੁਆਈ। ਇਸੇ ਪ੍ਰਕਾਰ ਪਿੰਡ ਲਾਲੜੂ ਅਤੇ ਲੈਹਲੀ ਵਿਖੇ ਵੀ ਸੰਗਤਾਂ ਵਲੋਂ ਨਗਰ ਕੀਰਤਨ ਦਾ ਭਰਵਾਂ ਸਵਾਗਤ ਕੀਤਾ ਗਿਆ ਤੇ ਸੰਗਤਾਂ ਲਈ ਲੰਗਰ ਲਗਾਇਆ ਗਿਆ। ਇਸ ਮੌਕੇ ਗੰਗਾ ਨਰਸਰੀ ਜ਼ੀਰਕਪੁਰ ਹਮਾਂਯੂਪੁਰ, ਸੁਰਿੰਦਰ ਸਿੰਘ ਧਰਮਗੜ੍ਹ, ਨਿਰਮੈਲ ਸਿੰਘ ਬਟੌਲੀ, ਨਾਇਬ ਸਿੰਘ ਬਾਜਵਾ, ਜਸਵਿੰਦਰ ਸਿੰਘ, ਪਰਮਿੰਦਰ ਸਿੰਘ, ਕੁਲਦੀਪ ਸਿੰਘ, ਕੁਲਦੀਪ ਸਿੰਘ ਸਰਸੀਣੀ, ਸੁਖਵਿੰਦਰ ਸਿੰਘ, ਹਰਵਿੰਦਰ ਸਿੰਘ ਕਸੌਲੀ, ਹਰਨੇਕ ਸਿੰਘ ਕੁਰਲੀ, ਜਸਵਿੰਦਰ ਸਿੰਘ ਮਲਕਪੁਰ, ਗੁਰਮੀਤ ਸਿੰਘ ਕੁਰਲੀ, ਦਵਿੰਦਰ ਸਿੰਘ ਹਮਾਂਯੂਪੁਰ, ਤਰਸੇਮ ਸਿੰਘ ਟਿਵਾਣਾ ਤੇ ਅਵਤਾਰ ਸਿੰਘ ਟਿਵਾਣਾ ਸਮੇਤ ਵੱਡੀ ਗਿਣਤੀ 'ਚ ਸੰਗਤਾਂ ਹਾਜ਼ਰ ਸਨ।



ਸੀਸ ਮਾਰਗ ਯਾਤਰਾ ਦਾ ਝਾਰਮੜੀ ਪੁੱਜਣ 'ਤੇ ਸਵਾਗਤ ਕਰਦੇ ਹੋਏ ਨਿਰਮੈਲ ਸਿੰਘ ਜੌਲਾ ਤੇ ਹੋਰ ਪਤਵੰਤੇ। *ਤਸਵੀਰ : ਰਾਜਬੀਰ ਸਿੰਘ ਲਾਲੜੂ*



ਪੰਜਾਬ ਵਿਧਾਨ ਸਭਾ ਦੀ ਪੰਚਾਇਤੀ ਰਾਜ ਕਮੇਟੀ ਦੇ ਵਫ਼ਦ 'ਚ ਸ਼ਾਮਿਲ ਮੈਂਬਰ ਕੇਰਲਾ ਵਿਖੇ ਲਾਗੂ ਪੰਚਾਇਤੀ ਰਾਜ ਪ੍ਰਣਾਲੀ ਸੰਬੰਧੀ ਜਾਣਕਾਰੀ ਹਾਸਲ ਕਰਦੇ ਹੋਏ। ਅਜੀਤ ਤਸਵੀਰ

# ਵਿਧਾਇਕ ਰੰਧਾਵਾ ਨੇ ਪੰਜਾਬ ਵਿਧਾਨ ਸਭਾ ਦੇ ਵਫ਼ਦ ਨਾਲ ਕੇਰਲ ਦੇ ਪੰਚਾਇਤੀ ਰਾਜ ਢਾਂਚੇ ਦਾ ਕੀਤਾ ਅਧਿਐਨ

ਡੇਰਾਬੱਸੀ, 8 ਦਸੰਬਰ (ਰਣਬੀਰ ਸਿੰਘ ਪੜ੍ਹੀ)-ਪੰਜਾਬ ਵਿਧਾਨ ਸਭਾ ਦੀ ਪੰਚਾਇਤੀ ਰਾਜ ਕਮੇਟੀ 'ਤੇ ਆਧਾਰਿਤ ਵਫ਼ਦ ਦੇ ਮੈਂਬਰ ਵਿਧਾਇਕ ਕੁਲਜੀਤ ਸਿੰਘ ਰੰਧਾਵਾ ਅੱਜ ਕੱਲ੍ਹ ਕੇਰਲਾ ਵਿਖੇ ਪੰਚਾਇਤੀ ਰਾਜ ਢਾਂਚੇ ਦਾ ਅਧਿਐਨ ਕਰ ਰਹੇ ਹਨ। ਇਸ ਅਧਿਐਨ ਦੇ ਹਿੱਸੇ ਵਜੋਂ ਉਨ੍ਹਾਂ ਨੇ ਕੇਰਲਾ ਦੇ ਬੀ. ਡੀ. ਪੀ. ਓ. ਦਫ਼ਤਰ ਦਾ ਦੌਰਾ ਕੀਤਾ ਅਤੇ 13 ਪਿੰਡਾਂ ਦੇ ਜ਼ਿਲ੍ਹਾ ਪ੍ਰੀਸ਼ਦ ਚੇਅਰਮੈਨਾਂ ਅਤੇ ਸਰਪੰਚਾਂ ਤੋਂ ਪੰਚਾਇਤੀ ਸਕੀਮਾਂ ਬਾਰੇ ਵੱਡਮੁੱਲੀ ਜਾਣਕਾਰੀ ਪ੍ਰਾਪਤ ਕੀਤੀ। ਇਹ ਦੌਰਾ ਕੇਰਲਾ ਵਿਚ ਪੰਚਾਇਤੀ ਰਾਜ ਦੇ ਕੰਮਕਾਜ ਨੂੰ ਸਮਝਣ ਅਤੇ ਪੰਜਾਬ ਵਿਚ ਪ੍ਰਭਾਵਸ਼ਾਲੀ ਨੀਤੀਆਂ ਨੂੰ ਲਾਗੂ ਕਰਨ ਵਲ ਇੱਕ ਅਹਿਮ ਕਦਮ ਹੈ। ਬੀ. ਡੀ. ਪੀ. ਓ. ਦਫ਼ਤਰ ਦੇ ਦੌਰੇ ਦੌਰਾਨ ਵਿਧਾਇਕ ਰੰਧਾਵਾ ਨੂੰ ਜ਼ਿਲ੍ਹਾ ਪ੍ਰੀਸ਼ਦ ਦੇ ਚੇਅਰਮੈਨਾਂ ਅਤੇ 13 ਪਿੰਡਾਂ ਦੇ ਸਰਪੰਚਾਂ ਨਾਲ ਗੱਲਬਾਤ ਕਰਨ ਦਾ ਮੌਕਾ ਮਿਲਿਆ। ਉਨ੍ਹਾਂ ਜ਼ਿਲ੍ਹੇ ਵਿਚ ਲਾਗੂ ਵੱਖ-ਵੱਖ ਪੰਚਾਇਤੀ ਸਕੀਮਾਂ ਅਤੇ ਇਨ੍ਹਾਂ ਦੇ ਪੇਂਡੂ ਭਾਈਚਾਰਿਆਂ 'ਤੇ ਪੈਣ ਵਾਲੇ ਪ੍ਰਭਾਵਾਂ ਬਾਰੇ ਜਾਣਕਾਰੀ ਪ੍ਰਾਪਤ ਕੀਤੀ, ਜੋ ਕਿ ਪੰਜਾਬ ਵਿਚ ਜ਼ਮੀਨੀ ਪੱਧਰ 'ਤੇ ਲੋਕਾਂ ਦੀਆਂ ਲੋੜਾਂ ਨੂੰ ਪੂਰਾ ਕਰਨ ਲਈ ਅਜਿਹੀਆਂ ਸਕੀਮਾਂ ਬਣਾਉਣ ਲਈ ਮਹੱਤਵਪੂਰਨ ਸਿੱਧ ਹੋਵੇਗੀ। ਇਸ ਦੌਰੇ ਸੰਬੰਧੀ ਗੱਲਬਾਤ ਕਰਦਿਆਂ ਵਿਧਾਇਕ ਰੰਧਾਵਾ ਨੇ ਕਿਹਾ ਕਿ ਉਨ੍ਹਾਂ ਨੂੰ ਕੇਰਲਾ ਵਿਖੇ ਪੰਚਾਇਤੀ ਰਾਜ ਦੇ ਵੱਖ-ਵੱਖ ਪਹਿਲੂਆਂ ਦੀ ਵਿਆਪਕ ਸਮਝ ਮਿਲੀ ਹੈ। ਇਹ ਪੰਚਾਇਤਾਂ ਸਾਰੀਆਂ ਵਿਕਾਸ ਸਕੀਮਾਂ ਨੂੰ ਲਾਗੂ ਕਰ ਰਹੀਆਂ ਹਨ। ਇਸ ਤੋਂ ਬਾਅਦ ਬਲਾਕ ਪੰਚਾਇਤਾਂ ਅਤੇ ਫਿਰ ਜ਼ਿਲ੍ਹਾ ਪੰਚਾਇਤਾਂ ਦਾ ਗਠਨ ਕੀਤਾ ਗਿਆ ਹੈ। ਸ. ਰੰਧਾਵਾ ਨੇ ਕਿਹਾ ਕਿ ਵਫ਼ਦ ਦਾ ਮੁੱਖ ਮਕਸਦ ਪੰਚਾਇਤੀ ਰਾਜ ਦੇ ਸਫ਼ਲਤਾਪੂਰਵਕ ਲਾਗੂ ਹੋਣ ਦਾ ਅਧਿਐਨ ਕਰਕੇ ਉਸ ਦਾ ਉਦੇਸ਼ ਪੰਜਾਬ ਵਿਚ ਪੰਚਾਇਤੀ ਰਾਜ ਦੇ ਕੰਮਕਾਜ ਵਿਚ ਸਕਾਰਾਤਮਕ ਤਬਦੀਲੀ ਲਿਆਉਣਾ ਹੈ। ਇਹ ਦੌਰਾ ਪੰਜਾਬ ਸਰਕਾਰ ਦੀ ਦਿਹਾਤੀ ਖੇਤਰਾਂ ਦੇ ਲੋਕਾਂ ਦੇ ਜੀਵਨ ਨੂੰ ਬਿਹਤਰ ਬਣਾਉਣ ਅਤੇ ਪ੍ਰਭਾਵਸ਼ਾਲੀ ਪ੍ਰਸ਼ਾਸਨ ਰਾਹੀਂ ਉਨ੍ਹਾਂ ਨੂੰ ਸਸ਼ਕਤ ਬਣਾਉਣ ਦੀ ਵਚਨਬੱਧਤਾ ਨੂੰ ਦਰਸਾਉਂਦਾ ਹੈ। ਇਸ ਦੌਰੇ ਮੌਕੇ ਕਮੇਟੀ ਚੇਅਰਮੈਨ ਵਿਧਾਇਕ ਬੁਢਲਾਡਾ ਬੁੱਧ ਰਾਮ, ਵਿਧਾਇਕ ਬਰਿੰਦਰ ਸਿੰਘ ਪਾਹੜਾ, ਵਿਧਾਇਕ ਅੰਮ੍ਰਿਤਪਾਲ ਸਿੰਘ ਸੁਖਾਨੰਦ, ਵਿਧਾਇਕ ਸੁਖਵਿੰਦਰ ਸਿੰਘ ਕੋਟਲੀ, ਵਿਧਾਇਕ ਲਾਭ ਸਿੰਘ ਉਗੋਕੇ ਤੇ ਪੰਜਾਬ ਸਰਕਾਰ ਦੇ ਅੰਡਰ ਸੈਕਟਰੀ ਜਸਵਿੰਦਰ ਸਿੰਘ ਆਦਿ ਹਾਜ਼ਰ ਸਨ।

## ਏ. ਟੀ. ਐੱਸ. ਵੈਲੀ ਸਕੂਲ ਦਾ ਸਾਲਾਨਾ ਸਮਾਰੋਹ ਯਾਦਗਾਰੀ ਹੋ ਨਿਬੜਿਆ

ਡੇਰਾਬੱਸੀ, 8 ਨਵੰਬਰ (ਰਣਬੀਰ ਸਿੰਘ ਪੜ੍ਹੀ)-ਡੇਰਾਬੱਸੀ ਦੇ ਏ. ਟੀ. ਐੱਸ. ਵੈਲੀ ਸਕੂਲ ਵਿਖੇ ਕਰਵਾਇਆ ਗਿਆ ਸਾਲਾਨਾ ਸਮਾਰੋਹ 'ਦਾ ਪਪਟ ਕੋਡ' ਹਰ ਵਾਰ ਦੀ ਤਰ੍ਹਾਂ ਯਾਦਗਾਰੀ ਹੋ ਨਿਬੜਿਆ। ਇਸ ਸਮਾਰੋਹ ਦੌਰਾਨ ਵਿਦਿਆਰਥੀਆਂ ਵਲੋਂ ਮੂਨ ਡਾਂਸ, ਅਫਰੀਕਨ ਡਾਂਸ, ਰੈਟਰੋ, ਡੈਡੀ ਕੂਲ, ਪ੍ਰੋਪ ਡਾਂਸ, ਮੋਟੀਵੇਸ਼ਨਲ ਡਾਂਸ, ਹਿੱਪ-ਹੌਪ ਅਤੇ ਦੇਸ਼-ਭਗਤੀ ਦੇ ਗੀਤਾਂ ਤੋਂ ਇਲਾਵਾ ਗਿੱਧੇ ਅਤੇ ਭੰਗੜੇ 'ਚ ਆਪਣੀ ਪ੍ਰਤਿਭਾ ਦੇ ਜੌਹਰ ਦਿਖਾਏ ਗਏ। ਇਸ ਤੋਂ ਪਹਿਲਾਂ ਮਾਪਿਆਂ, ਵਿਦਿਆਰਥੀਆਂ ਅਤੇ ਫੈਕਲਟੀ ਦੇ ਭਰਵੇਂ ਇਕੱਠ ਦੌਰਾਨ ਸਮਾਰੋਹ ਦੀ ਸ਼ੁਰੂਆਤ ਦੀਪ ਜਗਾ ਕੇ ਕੀਤੀ ਗਈ, ਉਪਰੰਤ ਮੁੱਖ ਮਹਿਮਾਨ ਰਿਅਰ ਐਡਮਿਰਲ ਸੰਦੀਪ ਬੀਚਾ ਅਤੇ ਵਿਸ਼ੇਸ਼ ਮਹਿਮਾਨ ਮਿਨਾਕਸ਼ੀ ਬੀਚਾ ਦਾ ਸਕੂਲ ਦੀ ਚੇਅਰਪਰਸਨ ਨੀਤਾ ਜੌਹਰ ਅਤੇ ਡਾਇਰੈਕਟਰ ਅਵਨੀਤ ਜੌਹਰ ਸਮੇਤ ਅਮਰਦੀਪ ਸਿੰਘ ਜੌਹਰ ਅਤੇ ਪ੍ਰਿੰ. ਨੀਨਾ ਪਾਂਡੇ ਵਲੋਂ ਭਰਵਾਂ ਸਵਾਗਤ ਕੀਤਾ ਗਿਆ। ਇਸ ਤੋਂ ਬਾਅਦ ਪ੍ਰਿੰ. ਨੀਨਾ ਪਾਂਡੇ ਵਲੋਂ ਸਕੂਲ ਦੀ ਸਾਲਾਨਾ ਰਿਪੋਰਟ ਪੇਸ਼ ਕਰਦਿਆਂ ਪਿਛਲੇ ਸਾਲਾਂ ਦੀਆਂ ਪ੍ਰਾਪਤੀਆਂ ਨੂੰ ਸਾਂਝਾ ਕੀਤਾ ਗਿਆ। ਇਸ ਮੌਕੇ ਵਿਦਿਆਰਥੀਆਂ ਨੇ ਆਪਣੀ ਕਲਾ ਦੇ ਪ੍ਰਦਰਸ਼ਨ ਦੌਰਾਨ ਸੋਸ਼ਲ ਮੀਡੀਆ ਦੇ ਯੁੱਗ 'ਚ ਆਪਣੇ ਆਪ ਨੂੰ ਠੱਗੀ ਤੋਂ ਬਚਾਉਣ, ਇਸ ਦੇ ਸਹੀ ਉਪਯੋਗ ਤੇ ਦੁਰਵਰਤੋਂ ਤੋਂ ਬਚਣ ਦਾ ਸੰਦੇਸ਼ ਦਿੱਤਾ।

# ਪਿੰਡ ਢਕੌਰਾਂ ਖੁਰਦ ਦੇ ਕਿਸਾਨ ਅਵਾਰਾ ਪਸ਼ੂਆਂ ਤੋਂ ਪ੍ਰੇਸ਼ਾਨ

ਮੁੱਲਾਂਪੁਰ ਗਰੀਬਦਾਸ, 8 ਦਸੰਬਰ (ਦਿਲਬਰ ਸਿੰਘ ਖੈਰਪੁਰ)-ਪਿੰਡ ਢਕੌਰਾਂ ਖੁਰਦ ਦੇ ਕਿਸਾਨ ਆਵਾਰਾ ਸਾਨ੍ਹਾਂ ਦੇ ਆਤੰਕ ਤੋਂ ਬੇਹੱਦ ਪ੍ਰੇਸ਼ਾਨ ਹਨ। ਉਨ੍ਹਾਂ ਸਥਾਨਕ ਪ੍ਰਸ਼ਾਸਨ ਨੂੰ ਇਸ ਦਰਪੇਸ਼ ਸਮੱਸਿਆ ਤੋਂ ਨਿਜ਼ਾਤ ਦਿਵਾਉਣ ਦੀ ਮੰਗ ਕੀਤੀ ਹੈ। ਇਸ ਸੰਬੰਧੀ ਪਿੰਡ ਵਾਸੀ ਕਿਸਾਨ ਸਪਿੰਦਰ ਸਿੰਘ, ਅੰਗਰੇਜ਼ ਸਿੰਘ, ਸਤਵਿੰਦਰ ਸਿੰਘ, ਸਿਕੰਦਰ ਸਿੰਘ ਤੇ ਮਹਿੰਦਰ ਸਿੰਘ ਆਦਿ ਨੇ ਪੱਤਰਕਾਰਾਂ ਨੂੰ ਮੌਕਾ ਦਿਖਾਉਂਦਿਆਂ ਦੱਸਿਆ ਕਿ ਉਨ੍ਹਾਂ ਦੇ ਪਿੰਡ ਦੇ ਨਜ਼ਦੀਕ ਨਦੀ ਅਤੇ ਓਮੈਕਸ ਸਿਟੀ ਹੋਣ ਕਾਰਨ ਚੰਡੀਗੜ੍ਹ ਕਾਰਪੋਰੇਸ਼ਨ ਦੇ ਕਰਮਚਾਰੀ ਆਵਾਰਾ ਪਸ਼ੂਆਂ ਨੂੰ ਇੱਥੇ ਛੱਡ ਜਾਂਦੇ ਹਨ। ਉਨ੍ਹਾਂ ਦੱਸਿਆ ਕਿ ਪਿਛਲੇ ਹਫ਼ਤੇ 30 ਤੋਂ 40 ਸਾਨ੍ਹਾਂ ਦਾ ਵੱਗ ਇੱਥੇ ਛੱਡਿਆ ਗਿਆ ਹੈ, ਜਿਸ ਕਾਰਨ ਇਹ ਸਾਨ੍ਹ ਰਾਤ ਸਮੇਂ ਉਨ੍ਹਾਂ ਦੇ ਖੇਤਾਂ 'ਚ ਖੜ੍ਹੀ ਕਮਾਦ, ਜਵੀ, ਬਰਸੀਨ ਆਦਿ ਦੀ ਫ਼ਸਲ ਨੂੰ ਤਬਾਹ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਇਸ ਕਾਰਨ ਜਿਥੇ ਉਨ੍ਹਾਂ ਨੂੰ ਆਰਥਿਕ ਤੌਰ 'ਤੇ ਨੁਕਸਾਨ ਝੱਲਣਾ ਪੈ ਰਿਹਾ ਹੈ। ਉਨ੍ਹਾਂ ਕਿਹਾ ਕਿ ਪਹਿਲਾਂ ਜਿਥੇ ਉਨ੍ਹਾਂ ਨੂੰ ਰਾਤ ਸਮੇਂ ਪਿੰਡ 'ਚ ਚੋਰਾਂ ਤੋਂ ਪਹਿਰਾ ਲਗਾਉਣਾ ਪੈ ਰਿਹਾ ਸੀ, ਉੱਥੇ ਹੀ ਹੁਣ ਹਰ ਘਰ ਦੇ ਇਕ ਮੈਂਬਰ ਨੂੰ ਖੇਤਾਂ 'ਚ ਵੀ ਬੈਠਣਾ ਪੈ ਰਿਹਾ ਹੈ। ਉਨ੍ਹਾਂ ਲਿਖਤੀ ਪੱਤਰ ਰਾਹੀਂ ਜ਼ਿਲ੍ਹਾ ਪ੍ਰਸ਼ਾਸਨ ਅਤੇ ਹਲਕਾ ਵਿਧਾਇਕ ਅਨਮੋਲ ਗਗਨ ਮਾਨ ਨੂੰ ਇਨ੍ਹਾਂ ਆਵਾਰਾ ਪਸ਼ੂਆਂ ਦੀ ਸਮੱਸਿਆ ਤੋਂ ਨਿਜ਼ਾਤ ਦਿਵਾਉਣ ਦੀ ਮੰਗ ਕੀਤੀ ਹੈ। ਉਧਰ ਦੂਜੇ ਪਾਸੇ ਇਸ ਬਾਰੇ ਕਿਸਾਨ ਜਥੇਬੰਦੀ ਲੋਕ ਹਿੱਤ ਮਿਸ਼ਨ ਦੇ ਆਗੂਆਂ ਨੇ ਕਿਹਾ ਕਿ ਜੇਕਰ ਪ੍ਰਸ਼ਾਸਨ ਵਲੋਂ ਜਲਦ ਆਵਾਰਾ ਪਸ਼ੂਆਂ ਨੂੰ ਕਾਬੂ ਨਾ ਕੀਤਾ ਗਿਆ ਤਾਂ ਮਿਸ਼ਨ ਵਲੋਂ ਕਿਸਾਨਾਂ ਦੀ ਸਹਾਇਤਾ ਨਾਲ ਇਨ੍ਹਾਂ ਪਸ਼ੂਆਂ ਨੂੰ ਫੜ ਕੇ ਜ਼ਿਲ੍ਹਾ ਹੈੱਡਕੁਆਟਰ ਅੱਗੇ ਛੱਡਿਆ ਜਾਵੇਗਾ।



ਆਵਾਰਾ ਪਸ਼ੂਆਂ ਵਲੋਂ ਖੇਤਾਂ 'ਚ ਫ਼ਸਲਾਂ ਦੇ ਕੀਤੇ ਜਾ ਰਹੇ ਨੁਕਸਾਨ ਸੰਬੰਧੀ ਜਾਣਕਾਰੀ ਦਿੰਦੇ ਹੋਏ ਕਿਸਾਨ ਸਪਿੰਦਰ ਸਿੰਘ ਤੇ ਹੋਰ। *ਤਸਵੀਰ : ਦਿਲਬਰ ਸਿੰਘ ਖੈਰਪੁਰ*



ਸਿਵਲ ਹਸਪਤਾਲ ਖਰੜ ਵਿਖੇ ਕੰਬਲ ਦਾਨ ਕਰਦੇ ਹੋਏ ਸੋਸ਼ਲ ਵੈੱਲਫੇਅਰ ਐਸੋਸੀਏਸ਼ਨ ਦੇ ਮੈਂਬਰ। ਤਸਵੀਰ : ਜੰਡਪੁਰੀ

# ਸੋਸ਼ਲ ਵੈੱਲਫੇਅਰ ਐਸੋਸੀਏਸ਼ਨ ਨੇ ਹਸਪਤਾਲ ਖਰੜ ਨੂੰ ਦਿੱਤੇ 50 ਕੰਬਲ

ਖਰੜ, 8 ਦਸੰਬਰ (ਜੰਡਪੁਰੀ)-ਸੋਸ਼ਲ ਵੈਲਫੇਅਰ ਐਸੋਸੀਏਸ਼ਨ ਫੇਜ਼-2 ਮੁਹਾਲੀ ਵਲੋਂ ਸਰਦੀਆਂ ਦੇ ਮੌਸਮ ਨੂੰ ਮੁੱਖ ਰੱਖਦਿਆਂ ਜ਼ਿਲ੍ਹੇ ਅੰਦਰ ਕੰਬਲ ਦੇਣ ਦੀ ਸ਼ੁਰੂ ਕੀਤੀ ਮੁਹਿੰਮ ਤਹਿਤ ਅੱਜ ਸਿਵਲ ਹਸਪਤਾਲ ਖਰੜ ਦੇ ਮਰੀਜ਼ਾਂ ਲਈ 50 ਕੰਬਲ ਐੱਸ. ਐੱਮ. ਓ. ਡਾ. ਪਰਮਿੰਦਰਜੀਤ ਸਿੰਘ ਨੂੰ ਭੇਟ ਕੀਤੇ। ਐਸੋਸੀਏਸ਼ਨ ਪ੍ਰਧਾਨ ਜਗਰੂਪ ਸਿੰਘ ਭੰਗੂ ਨੇ ਕਿਹਾ ਹੈ ਕਿ ਜੇਕਰ ਹਸਪਤਾਲ ਨੂੰ ਹੋਰ ਕੰਬਲਾਂ ਦੀ ਜਰੂਰਤ ਹੋਵੇ ਕੰਬਲ ਮੁਹਈਆ ਕਰਵਾਏ ਜਾਣਗੇ। ਐੱਸ. ਐੱਮ. ਓ. ਨੇ ਵੈਲਫੇਅਰ ਐਸੋਸੀਏਸ਼ਨ ਦਾ ਧੰਨਵਾਦ ਕੀਤਾ। ਇਸ ਮੌਕੇ ਪ੍ਰੈੱਸ ਸੈਕਟਰੀ ਅਮਰਦੀਪ ਸਿੰਘ ਮੁਹਾਲੀ, ਪੁਨੀਤ ਗਰਗ ਮੁਹਾਲੀ, ਹਰਬੰਸ ਸਿੰਘ ਇੰਚਾਰਜ ਐਕਸਰੇ ਵਿਭਾਗ, ਹੈਡ ਸਿਸਟਰ ਗੁਰਦੀਪ ਕੌਰ, ਸੁਨੰਦਾ ਰਾਣੀ ਤੇ ਪਰਮਜੀਤ ਸਿੰਘ ਆਦਿ ਹਾਜ਼ਰ ਸਨ।

# ਸੈਕਟਰ-56, ਸਿਟਕੋ ਪੈਟਰੋਲ ਪੰਪ 'ਤੇ ਆਧੁਨਿਕ ਰਿਟੇਲ ਆਊਟਲੈਟ ਦਾ ਉਦਘਾਟਨ

ਚੰਡੀਗੜ੍ਹ, 8 ਦਸੰਬਰ (ਅਜੀਤ ਬਿਊਰੋ)-ਚੰਡੀਗੜ੍ਹ ਇੰਡਸਟਰੀਅਲ ਐਂਡ ਟੂਰਿਜ਼ਮ ਡਿਵੈਲਪਮੈਂਟ ਕਾਰਪੋਰੇਸ਼ਨ (ਸੀਟਕੋ), ਨੇ ਇੰਡੀਅਨ ਆਇਲ ਕਾਰਪੋਰੇਸ਼ਨ ਲਿਮਟਿਡ ਦੇ ਸਹਿਯੋਗ ਨਾਲ ਸੈਕਟਰ-56, ਚੰਡੀਗੜ੍ਹ ਵਿਖੇ ਸਿਟਕੋ ਪੈਟਰੋਲ ਪੰਪ ਦੇ ਆਧੁਨਿਕ ਰਿਟੇਲ ਆਊਟਲੈਟ ਦਾ ਉਦਘਾਟਨ ਕੀਤਾ। ਇਸ ਅਤਿ-ਆਧੁਨਿਕ ਸਹੂਲਤ ਵਾਲੇ ਆਊਟਲੈਟ ਨੂੰ ਸੀਟਕੋ ਦੇ ਚੇਅਰਮੈਨ ਅਜੈ ਚਗਤੀ, ਮੈਨੇਜਿੰਗ ਡਾਇਰੈਕਟਰ ਹਰੀ ਕਾਲਿਕਟ, ਚੀਫ਼ ਜਨਰਲ ਮੈਨੇਜਰ ਅਮਿਤ ਕੁਮਾਰ, ਅਤੇ ਕਾਰਜਕਾਰੀ ਨਿਰਦੇਸ਼ਕ ਜਤਿੰਦਰ ਕੁਮਾਰ ਦੀ ਮੌਜੂਦਗੀ ਵਿਚ ਜਨਤਾ ਨੂੰ ਸੌਂਪਿਆ ਗਿਆ। ਇਸ ਅੱਪਗ੍ਰੇਡ ਕੀਤੇ ਗਏ ਰਿਟੇਲ ਆਊਟਲੈਟ ਦਾ ਉਦੇਸ਼ ਸੇਵਾ ਦੀ ਗੁਣਵੱਤਾ ਵਿਚ ਸੁਧਾਰ ਕਰਨਾ ਅਤੇ ਰਿਫਿਊਲ ਦੇ ਸਮੇਂ ਨੂੰ ਘਟਾਉਣਾ ਹੈ, ਜਿਸ 'ਚ ਪੂਰੀ ਤਰ੍ਹਾਂ ਸਵੈਚਲਿਤ ਸੰਚਾਲਨ, ਏਕੀਕ੍ਰਿਤ ਟਰਾਂਜੈਕਸ਼ਨ, ਪ੍ਰੋਸੈਸਿੰਗ ਸਰਵਰ, ਬਿਹਤਰ ਡਿਸਪੈਂਸਿੰਗ ਆਦਿ ਸ਼ਾਮਲ ਹੈ। ਉਦਘਾਟਨੀ ਸਮਾਰੋਹ ਵਿਚ 'ਇਕ ਰੋਮਾਂਚਕ ਲੱਕੀ ਡਰਾਅ ਸਕੀਮ' ਦੀ ਸ਼ੁਰੂਆਤ ਵੀ ਕੀਤੀ ਗਈ ਜਿਸ ਵਿਚ ਨਿਯਮਤ ਈਂਧਨ 'ਤੇ 'ਹੈਪੀ ਆਵਰ ਫੂਈਲਿੰਗ' ਦੌਰਾਨ ਵੱਖ-ਵੱਖ ਇਨਾਮ ਜਿੱਤਣ ਦਾ ਮੌਕਾ ਮਿਲੇਗਾ। ਇਸ ਮੌਕੇ ਚੇਅਰਮੈਨ ਅਜੈ ਚਗਤੀ ਨੇ ਪ੍ਰੋਜੈਕਟ ਦੇ ਮੁਕੰਮਲ ਹੋਣ 'ਤੇ ਆਪਣੀ ਤਸੱਲੀ ਪ੍ਰਗਟਾਈ। ਉਨ੍ਹਾਂ ਕਿਹਾ ਕਿ, 'ਇਹ ਪਹਿਲਕਦਮੀ ਜਨਤਕ ਸਹੂਲਤ ਨੂੰ ਬਿਹਤਰ ਬਣਾਉਣ ਅਤੇ ਉੱਚ ਪੱਧਰੀ ਸੇਵਾ ਪ੍ਰਦਾਨ ਕਰਨ 'ਚ ਕਾਰਗਰ ਹੋਵੇਗੀ। ਸੈਕਟਰ 56 ਵਿਖੇ ਆਧੁਨਿਕ ਪੈਟਰੋਲ ਪੰਪ ਗਾਹਕਾਂ ਨੂੰ ਬਿਹਤਰ ਬੁਨਿਆਦੀ ਢਾਂਚੇ ਅਤੇ ਸਬੰਧਿਤ ਸੇਵਾਵਾਂ ਸਮੇਤ ਇੱਕ ਚੰਗਾ ਅਨੁਭਵ ਪ੍ਰਦਾਨ ਕਰੇਗਾ। ਹਰੀ ਕਾਲਿਕਟ ਨੇ ਬਾਕੀ ਬਚੇ ਹੋਏ ਖੇਤਰ ਵਿਚ ਆਧੁਨਿਕੀਕਰਨ ਦੀ ਮਹੱਤਤਾ 'ਤੇ ਜ਼ੋਰ ਦਿੱਤਾ।



ਸੈਕਟਰ 56, ਸਿਟਕੋ ਪੈਟਰੋਲ ਪੰਪ 'ਤੇ ਆਧੁਨਿਕ ਰਿਟੇਲ ਆਊਟਲੈਟ ਦਾ ਉਦਘਾਟਨ ਕਰਦੇ ਸੀਟਕੋ ਦੇ ਚੇਅਰਮੈਨ ਅਜੈ ਚਗਤੀ ਮੈਨੇਜਿੰਗ ਡਾਇਰੈਕਟਰ ਹਰੀ ਕਾਲਿਕਟ ਚੀਫ਼ ਜਨਰਲ ਮੈਨੇਜਰ ਅਮਿਤ ਕੁਮਾਰ ਅਤੇ ਹੋਰ। *ਤਸਵੀਰ : ਗੁਰਿੰਦਰ ਸਿੰਘ*



ਸ਼ੈਮਰਾਕ ਸਕੂਲ ਦੇ ਚਾਰ ਰੋਜ਼ਾ ਸਾਲਾਨਾ ਸਮਾਗਮ ਦੇ ਪਹਿਲੇ ਦਿਨ ਪੇਸ਼ਕਾਰੀ ਦਿੰਦੇ ਹੋਏ ਵਿਦਿਆਰਥੀ। *ਤਸਵੀਰ : ਮਨਿੰਦਰ ਸਿੰਘ*

# ਸ਼ੈਮਰਾਕ ਵਰਲਡ ਸਕੂਲ ਜ਼ੀਰਕਪੁਰ ਦਾ ਚਾਰ ਰੋਜ਼ਾ ਸਾਲਾਨਾ ਸਮਾਗਮ 'ਉਤਕਰਸ਼' ਸ਼ੁਰੂ

ਜ਼ੀਰਕਪੁਰ, 8 ਦਸੰਬਰ (ਮਨਿੰਦਰ ਸਿੰਘ)-ਸ਼ੈਮਰਾਕ ਵਰਲਡ ਸਕੂਲ ਜ਼ੀਰਕਪੁਰ ਵਿਖੇ ਵਿਦਿਆਰਥੀ ਪ੍ਰਤਿਭਾ ਤੇ ਸਿਰਜਣਾਤਮਿਕਤਾ ਦੇ ਸ਼ਾਨਦਾਰ ਮਿਸ਼ਰਣ ਚਾਰ ਰੋਜ਼ਾ ਸਾਲਾਨਾ ਸਮਾਗਮ 'ਉਤਕਰਸ਼' 2024 ਦਾ ਸ਼ਾਨਦਾਰ ਆਗਾਜ਼ ਹੋਇਆ। ਇਸ ਸਮਾਗਮ ਦਾ ਉਦਘਾਟਨ ਮੁੱਖ ਮਹਿਮਾਨ ਵਜੋਂ ਪੁੱਜੇ ਅਮਰਜੀਤ ਸਿੰਘ ਬਾਜਵਾ ਚੇਅਰਮੈਨ ਸ਼ੈਮਰਾਕ ਸਕੂਲਜ਼ ਗਰੁੱਪ ਨੇ ਕੀਤਾ। ਇਸ ਮੌਕੇ ਉਨ੍ਹਾਂ ਉੱਤਮਤਾ ਤੇ ਨਵੀਨਤਾ ਦੇ ਸੱਭਿਆਚਾਰ ਨੂੰ ਉਤਸ਼ਾਹਿਤ ਕਰਨ ਲਈ ਸਕੂਲ ਦੀ ਪ੍ਰਸ਼ੰਸਾ ਕੀਤੀ। ਇਸ ਮੌਕੇ ਸਕੂਲ ਪ੍ਰਿੰ. ਚੇਤਨ ਬਾਂਸਲ ਨੇ ਸਮਾਗਮ ਵਿਚ ਆਏ ਸਾਰੇ ਮਹਿਮਾਨਾਂ ਦਾ ਸਵਾਗਤ ਕੀਤਾ। ਸਮਾਗਮ ਦੇ ਪਹਿਲੇ ਦਿਨ ਦੀ ਸ਼ੁਰੂਆਤ ਰਿਵਾਇਤੀ ਗਣੇਸ਼ ਵੰਦਨਾ ਤੇ ਦੀਪਕ ਜਗਾਉਣ ਨਾਲ ਹੋਈ, ਉਪਰੰਤ ਵਿਦਿਆਰਥੀਆਂ ਨੇ ਵੱਖ-ਵੱਖ ਵੰਨਗੀਆਂ ਦੀ ਇਕ ਮਨਮੋਹਕ ਲਾਈਨਅੱਪ ਦਾ ਪ੍ਰਦਰਸ਼ਨ ਕੀਤਾ। ਸਮਾਗਮ ਵਿਚ ਸਾਰੇ ਗ੍ਰੇਡਾਂ ਦੇ ਵਿਦਿਆਰਥੀਆਂ ਨੇ ਸੱਭਿਆਚਾਰਕ, ਸਮਾਜਿਕ ਤੇ ਕਲਾਤਮਕ ਪ੍ਰਦਰਸ਼ਨਾਂ ਦਾ ਮਿਸ਼ਰਣ ਪੇਸ਼ ਕਰਦੇ ਹੋਏ ਸ਼ਾਨਦਾਰ ਪ੍ਰਤਿਭਾ ਦਾ ਪ੍ਰਦਰਸ਼ਨ ਕੀਤਾ। ਹਾਈਲਾਈਟਸ ਵਿਚ ਗ੍ਰੇਡ 8 ਦੁਆਰਾ 'ਸੁਰੀਲੀ ਮੇਰੀ ਪਿਆਰੀ ਅੰਮੀ', ਗ੍ਰੇਡ 8 ਦੁਆਰਾ 'ਸਸ਼ਕਤੀਕਰਨ ਜੇਤੂ ਜੇਤੂ ਭਾਰਤ' ਅਤੇ ਗ੍ਰੇਡ 11 ਦੁਆਰਾ ਸਮਾਜਿਕ ਤੌਰ 'ਤੇ ਪ੍ਰਭਾਵਸ਼ਾਲੀ ਤਰੀਕੇ ਨਾਲ ਕੈਂਸਰ ਬਾਰੇ ਜਾਗਰੂਕਤਾ ਪੈਦਾ ਕਰਦਾ ਨਾਟਕ ਪੇਸ਼ ਕੀਤੇ। ਇਸ ਤੋਂ ਬਾਅਦ ਭੰਗੜਾ ਰੀਮਿਕਸ ਤੇ ਛਮ-ਛਮ ਵਰਗੇ ਜੋਸ਼ੀਲੇ ਨਾਚਾਂ ਨੇ ਸਟੇਜ 'ਤੇ ਧੂੰਮਾਂ ਪਾ ਦਿੱਤੀਆਂ। ਗ੍ਰੇਡ 5 ਦੁਆਰਾ ਸਾਈਬਰ ਸੇਫਟੀ ਪਲੇਅ ਅਤੇ ਸੀਨੀਅਰ ਵਿਦਿਆਰਥੀਆਂ ਦੁਆਰਾ ਇਕ ਆਰਕੈਸਟਰਾ ਵਰਗੀ ਵਿਸ਼ੇਸ਼ ਪੇਸ਼ਕਾਰੀ ਦੇ ਕੇ ਦਰਸ਼ਕਾਂ ਦਾ ਮੋਹ ਲਿਆ ਗਿਆ। ਪਹਿਲੇ ਦਿਨ ਦੀ ਸਮਾਪਤੀ ਵਿਦਿਆਰਥੀ ਨੁਮਾਇੰਦਿਆਂ ਵਲੋਂ ਮੁੱਖ ਮਹਿਮਾਨ ਤੇ ਹਾਜ਼ਰੀਨਾਂ ਦਾ ਧੰਨਵਾਦ ਕਰਨ ਨਾਲ ਹੋਈ।

# ਹਾਦਸੇ 'ਚ ਹੈੱਡ ਕਾਂਸਟੇਬਲ ਦੀ ਮੌਤ ਹੋਣ ਦੇ ਮਾਮਲੇ 'ਚ ਪਰਿਵਾਰ ਨੂੰ ਮਿਲੇਗਾ 84.23 ਲੱਖ ਦਾ ਮੁਆਵਜ਼ਾ

ਐੱਸ. ਏ. ਐੱਸ. ਨਗਰ, 8 ਦਸੰਬਰ (ਸਰਬਜੀਤ ਸਿੰਘ)-ਮੁਹਾਲੀ ਦੇ ਮੋਟਰ ਐਕਸੀਡੈਂਟ ਕਲੇਮ ਟ੍ਰਿਬਿਊਨਲ ਨੇ ਹੈੱਡ ਕਾਂਸਟੇਬਲ ਯੂਸਫ ਮਸੀਹ ਦੀ ਸੜਕ ਹਾਦਸੇ 'ਚ ਹੋਈ ਮੌਤ ਦੇ ਮਾਮਲੇ 'ਚ ਅੱਜ ਆਪਣਾ ਫ਼ੈਸਲਾ ਸੁਣਾਉਂਦੇ ਹੋਏ ਉਸ ਦੀ ਪਤਨੀ ਤੇ ਪਰਿਵਾਰ ਨੂੰ 84.23 ਲੱਖ ਰੁਪਏ ਦਾ ਮੁਆਵਜ਼ਾ ਦੇਣ ਦਾ ਹੁਕਮ ਦਿੱਤਾ ਹੈ। ਇਹ ਹਾਦਸਾ 14 ਅਪ੍ਰੈਲ 2024 ਨੂੰ ਸ਼ਾਮ ਦੇ 6 ਵਜੇ ਉਦੋਂ ਵਾਪਰਿਆ ਸੀ, ਜਦੋਂ ਹੈੱਡ ਕਾਂਸਟੇਬਲ ਯੂਸਫ ਮਸੀਹ ਮੁਹਾਲੀ ਦੇ ਗੁਰਦੁਆਰਾ ਸਿੰਘ ਸ਼ਹੀਦਾਂ ਸੋਹਾਣਾ ਵੱਲ ਪੈਦਲ ਜਾ ਰਿਹਾ ਸੀ। ਇਸੇ ਦੌਰਾਨ ਸੈਕਟਰ-70 ਦੇ ਵਸਨੀਕ ਛਤਨ ਸਿੰਘ ਨੇ ਲਾਪ੍ਰਵਾਹੀ ਨਾਲ ਕਾਰ ਚਲਾਉਂਦੇ ਹੋਏ ਯੂਸਫ ਮਸੀਹ ਨੂੰ ਟੱਕਰ ਮਾਰ ਦਿੱਤੀ ਸੀ। ਹਾਦਸੇ 'ਚ ਯੂਸਫ ਮਸੀਹ ਗੰਭੀਰ ਰੂਪ 'ਚ ਜ਼ਖ਼ਮੀ ਹੋ ਗਿਆ ਸੀ ਅਤੇ ਉਸ ਨੂੰ ਇਲਾਜ ਲਈ ਤੁਰੰਤ ਸੋਹਾਣਾ ਹਸਪਤਾਲ ਵਿਖੇ ਲਿਜਾਇਆ ਗਿਆ ਸੀ, ਜਿਥੇ ਕਿ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ ਸੀ। ਮ੍ਰਿਤਕ ਦੀ ਪਤਨੀ ਰੇਖਾ ਰਾਣੀ ਨੇ ਅਦਾਲਤ ਵਿਚ ਬਿਆਨ ਦਿੱਤੇ ਸਨ ਕਿ ਉਸ ਦਾ ਪਤੀ ਪੰਜਾਬ ਪੁਲਿਸ 'ਚ ਹੈੱਡ ਕਾਂਸਟੇਬਲ ਸੀ ਅਤੇ ਹਰ ਮਹੀਨੇ 90 ਹਜ਼ਾਰ ਰੁ. ਤਨਖਾਹ ਲੈਂਦਾ ਸੀ। ਉਸ ਨੇ ਇਹ ਵੀ ਕਿਹਾ ਕਿ ਉਸ ਦਾ ਪਤੀ ਪਰਿਵਾਰ ਦਾ ਇਕਲੌਤਾ ਕਮਾਉਣ ਵਾਲਾ ਮੈਂਬਰ ਸੀ ਅਤੇ ਉਸ ਦੀ ਮੌਤ ਨਾਲ ਉਸ ਦੀ ਜ਼ਿੰਦਗੀ ਪੂਰੀ ਤਰ੍ਹਾਂ ਬਰਬਾਦ ਹੋ ਗਈ ਹੈ। ਰੇਖਾ ਰਾਣੀ ਨੇ ਆਪਣੇ ਬੱਚਿਆਂ ਜਾਨਸਨ ਸਭਰਵਾਲ ਅਤੇ ਸਾਕਸ਼ੀ ਦੇ ਨਾਲ 2 ਕਰੋੜ ਰੁ. ਦੇ ਮੁਆਵਜ਼ੇ ਦੀ ਮੰਗ ਕੀਤੀ ਸੀ। ਇਸ ਮਾਮਲੇ 'ਚ ਬੀਮਾ ਕੰਪਨੀ ਓਰੀਐਂਟਲ ਇੰਸ਼ੋਰੈਂਸ ਨੇ ਦਲੀਲ ਦਿੱਤੀ ਸੀ ਕਿ ਹਾਦਸਾ ਮ੍ਰਿਤਕ ਦੀ ਲਾਪ੍ਰਵਾਹੀ ਕਾਰਨ ਵਾਪਰਿਆ ਹੈ ਅਤੇ ਕਾਰ ਚਾਲਕ 'ਤੇ ਝੂਠਾ ਦੋਸ਼ ਲਗਾਇਆ ਗਿਆ ਹੈ। ਉਸ ਨੇ ਇਹ ਵੀ ਦਲੀਲ ਦਿੱਤੀ ਸੀ ਕਿ ਮੁਆਵਜ਼ੇ ਦੀ ਰਕਮ ਬਹੁਤ ਜ਼ਿਆਦਾ ਹੈ। ਮੁਲਜ਼ਮ ਛਤਨ ਸਿੰਘ ਨੇ ਕਿਹਾ ਸੀ ਕਿ ਇਹ ਹਾਦਸਾ ਉਸ ਦੀ ਗ਼ਲਤੀ ਕਾਰਨ ਨਹੀਂ ਵਾਪਰਿਆ। ਟ੍ਰਿਬਿਊਨਲ ਨੇ ਕਿਹਾ ਕਿ ਯੂਸਫ ਮਸੀਹ ਦੀ ਮੌਤ ਛਤਨ ਸਿੰਘ ਦੀ ਲਾਪ੍ਰਵਾਹੀ ਨਾਲ ਗੱਡੀ ਚਲਾਉਣ ਕਾਰਨ ਹੋਈ ਹੈ। ਹਾਦਸੇ ਸਮੇਂ ਛਤਨ ਸਿੰਘ ਦੀ ਕਾਰ ਦਾ ਜਾਇਜ਼ ਬੀਮਾ ਸੀ। ਅਜਿਹੀ ਸਥਿਤੀ 'ਚ ਦੋਵੇਂ ਮਿਲ ਕੇ ਮੁਆਵਜ਼ਾ ਅਦਾ ਕਰਨਗੇ। ਟ੍ਰਿਬਿਊਨਲ ਨੇ ਮ੍ਰਿਤਕ ਦੀ ਆਮਦਨ ਦਾ ਮੁਲਾਂਕਣ 9,72,571 ਪ੍ਰਤੀ ਸਾਲ ਦੀ ਦਰ ਨਾਲ ਕੀਤਾ ਸੀ ਅਤੇ ਭਵਿੱਖ ਦੀ ਆਮਦਨ ਲਈ 30 ਫ਼ੀਸਦੀ ਵਾਧਾ ਨਿਰਧਾਰਤ ਕੀਤਾ ਸੀ। ਅਦਾਲਤ ਨੇ ਪ੍ਰਣਯਾ ਸੇਠੀ ਬਨਾਮ ਨੈਸ਼ਨਲ ਇੰਸ਼ੋਰੈਂਸ ਕੇਸ 'ਚ ਸੁਪਰੀਮ ਕੋਰਟ ਦੇ ਦਿਸ਼ਾ-ਨਿਰਦੇਸ਼ਾਂ ਦੀ ਪਾਲਣਾ ਕਰਦੇ ਹੋਏ 13 ਦਾ ਗੁਣਕ ਲਾਗੂ ਕੀਤਾ ਅਤੇ ਮ੍ਰਿਤਕ ਦੇ ਪਰਿਵਾਰ ਨੂੰ 84.23 ਲੱਖ ਰੁ. ਦਾ ਮੁਆਵਜ਼ਾ ਦੇਣ ਦੇ ਆਦੇਸ਼ ਦਿੱਤੇ।

# ਦੀਪ ਉਤਸਵ 'ਚ ਪਿੰਡ ਪੰਚਾਇਤਾਂ ਦੀ ਰਹੇਗੀ ਭਾਗੀਦਾਰੀ

## ਕੁਰੂਕਸ਼ੇਤਰ 48 ਕੋਸ ਦੇ ਤੀਰਥਾਂ 'ਤੇ ਜੰਮੇਗਾ ਗੀਤਾ ਮਹੋਸਤਵ ਦਾ ਰੰਗ

ਚੰਡੀਗੜ੍ਹ, 8 ਦਸੰਬਰ (ਵਿਸ਼ੇਸ਼ ਪ੍ਰਤੀਨਿਧੀ)-ਮਹਾਂਭਾਰਤ ਧਰਤੀ ਦੇ 48 ਕੋਸ ਦੇ ਤੀਰਥਾਂ 'ਤੇ ਗੀਤਾ ਮਹੋਤਸਵ ਦਾ ਰੰਗ ਜੰਮੇਗਾ। ਕੁਰੂਕਸ਼ੇਤਰ, ਕਰਨਾਲ, ਕੈਥਲ, ਪਾਣੀਪਤ ਤੇ ਜੀਂਦ ਜ਼ਿਲ੍ਹੇ ਦੇ ਸਾਰੀ 182 ਤੀਰਥਾਂ 'ਤੇ ਗੀਤਾ ਵਾਣੀ ਦੀ ਗੂੰਜ ਸੁਣਾਈ ਦਵੇਗੀ। ਗੀਤਾ ਪਾਠ ਦੇ ਨਾਲ ਤੀਰਥਾਂ 'ਤੇ ਸਵੱਛਤਾ ਮੁਹਿੰਮ ਚਲਾਈ ਜਾਵੇਗੀ। ਇਸ ਦੇ ਨਾਲ-ਨਾਲ 48 ਕੋਸ ਦੇ ਤੀਰਥਾਂ 'ਤੇ ਸਭਿਆਚਾਰਕ ਪ੍ਰੋਗਰਾਮ, ਗੀਤਾ ਪਾਠ ਤੇ ਗੀਤਾ ਯੱਗ ਦਾ ਪ੍ਰਬੰਧ ਹੋਵੇਗਾ। ਤੀਰਥਾਂ 'ਤੇ ਗੀਤਾ ਮਹੋਤਸਵ ਦੇ ਪ੍ਰਬੰਧ ਦਾ ਉਦੇਸ਼ ਗੀਤਾ ਦੀ ਸਰਬ-ਵਿਆਪਕਤਾ ਦੇ ਨਾਲ ਨੌਜੁਆਨਾਂ ਨੂੰ ਜੋੜਨਾ ਹੈ। ਇਸ ਦੇ ਨਾਲ ਹੀ ਬਜ਼ੁਰਗਾਂ ਤੇ ਮਹਿਲਾਵਾਂ ਦਾ ਗੀਤਾ ਦੇ ਨਾਲ ਜੁੜਾਵ ਵਧਾਉਣ ਦੇ ਲਈ ਗੀਤਾ ਪਾਠ ਦਾ ਪ੍ਰਬੰਧ ਕੀਤਾ ਜਾਵੇਗਾ। ਹਰਿਆਣਵੀਂ ਸਾਂਗ ਰਾਹੀਂ ਹਰਿਆਣਵੀਂ ਸਭਿਆਚਾਰ ਦੀ ਮੂਲ ਪੇਸ਼ਗੀਆਂ ਹੋਣਗੀਆਂ, ਸਾਂਗ ਦਾ ਥੀਮ ਭਗਵਾਨ ਸ੍ਰੀ ਕ੍ਰਿਸ਼ਣ ਨਾਲ ਜੁੜੇ ਵਿਸ਼ਿਆਂ 'ਤੇ ਹੋਵੇਗਾ। ਦੀਪ ਉਤਸਵ ਵਿਚ ਹੋਵੇਗੀ ਪਿੰਡ ਪੰਚਾਇਤ ਤੇ ਜਨ ਪ੍ਰਤੀਨਿਧੀਆਂ ਦੀ ਭਾਗੀਦਾਰੀ 48 ਕੋਸ ਦੇ ਸਾਰੇ ਤੀਰਥਾਂ 'ਤੇ 11 ਦਸੰਬਰ ਨੂੰ ਦੀਪ ਉਤਸਵ ਦਾ ਪ੍ਰਬੰਧ ਹੋਵੇਗਾ। ਦੀਪ ਉਤਸਵ ਵਿਚ ਪਿੰਡ ਪੰਚਾਇਤਾਂ ਦੀ ਭਾਗੀਦਾਰੀ ਰਹੇਗੀ ਅਤੇ ਜਨ ਪ੍ਰਤੀਨਿਧੀ ਮਹਿਮਾਨ ਹੋਣਗੇ। ਇਸ ਵਿਚ ਬਲਾਕ ਸਮਿਤੀ, ਜ਼ਿਲ੍ਹਾ ਪਰਿਸ਼ਦ ਤੇ ਨਿਗਮਾਂ ਦੇ ਜਨ ਪ੍ਰਤੀਨਿਧੀਆਂ ਦੇ ਨਾਲ ਹੋਰ ਬੁੱਧੀਜੀਵੀ ਲੋਕਾਂ ਨੂੰ ਸੱਦਾ ਭੇਜਿਆ ਜਾ ਰਿਹਾ ਹੈ।

## ਸਾਕਸ਼ੀ ਰੋਥਾਨ ਦੀ ਟੀਮ ਨੇ ਡਾਂਸ ਮੁਕਾਬਲੇ 'ਚ ਜਿੱਤਿਆ ਸੋਨ ਤਗਮਾ




ਚੰਡੀਗੜ੍ਹ, 8 ਦਸੰਬਰ (ਅਜੀਤ ਬਿਊਰੋ)-ਸੇਂਟ ਜ਼ੇਵੀਅਰਸ ਸੀਨੀਅਰ ਸੈਕੰਡਰੀ ਸਕੂਲ ਚੰਡੀਗੜ੍ਹ ਦੀ ਮੈਨਜਮੈਂਟ ਵਲੋਂ ਇਕ ਬਿਆਨ ਜਾਰੀ ਕਰਕੇ ਬੀਤੇ ਦਿਨੀਂ ਸਾਕਸ਼ੀ ਰੋਥਾਨ ਦੀ ਟੀਮ ਵਲੋਂ ਮਲੇਸ਼ੀਆ ਵਿਚ ਹੋਏ ਅੰਤਰਰਾਸ਼ਟਰੀ ਡਾਂਸ ਮੁਕਾਬਲੇ ਨੂੰ ਜਿੱਤਣ ਦੀ ਵਧਾਈ ਦਿੰਦਿਆਂ ਕਿਹਾ ਕਿ ਸਾਕਸ਼ੀ ਇਸੇ ਸਕੂਲ ਦੀ ਵਿਦਿਆਰਥੀ ਸੀ ਅਤੇ ਹੁਣ ਇਸੇ ਸਕੂਲ ਵਿਚ ਇਕ ਡਾਂਸ ਟੀਚਰ ਹੈ। ਉਨ੍ਹਾਂ ਕਿਹਾ ਕਿ ਮਲੇਸ਼ੀਆ ਵਿਚ ਕਰਵਾਏ ਡਾਂਸ ਮੁਕਾਬਲੇ 'ਚ 12 ਦੇਸ਼ਾਂ ਦੇ ਲਗਪਗ 400 ਪ੍ਰਤਿਭਾਸ਼ਾਲੀਆਂ ਨੇ ਹਿੱਸਾ ਲਿਆ ਸੀ। ਇਸ ਦੌਰਾਨ ਸਾਕਸ਼ੀ ਭਾਰਤੀ ਡਾਂਸ ਟੀਮ ਦੀ ਕੋਰੀਓਗ੍ਰਾਫਰ ਸੀ। ਉਸ ਦੀ ਟੀਮ ਨੇ ਸੋਨ ਤਗਮਾ, ਟਰਾਫ਼ੀ ਦੇ ਨਾਲ ਅਤੇ 1 ਲੱਖ ਰੁਪਏ ਦਾ ਇਨਾਮ ਜਿੱਤਿਆ ਹੈ। ਉਨ੍ਹਾਂ ਸ਼ਾਕਸ਼ੀ ਨੂੰ ਹਮੇਸ਼ਾ ਅੱਗੇ ਵੱਧਣ ਦੀਆਂ ਸ਼ੁਭਇੱਛਾਵਾਂ ਦਿੱਤੀਆਂ।



ਲਾਇਨਜ਼ ਕਲੱਬ ਡੇਰਾਬੱਸੀ ਦੇ ਪ੍ਰਧਾਨ ਨਿਤਿਨ ਜਿੰਦਲ ਤੇ ਹੋਰ ਅਹੁਦੇਦਾਰ ਸੋਨ ਤਗ਼ਮਾ ਜੇਤੂ ਜਸਬੀਰ ਕੌਰ ਦਾ ਸਨਮਾਨ ਕਰਦੇ ਹੋਏ। *ਤਸਵੀਰ : ਰਣਬੀਰ ਸਿੰਘ ਪੜ੍ਹੀ*

# ਜਸਬੀਰ ਕੌਰ ਦਾ ਲਾਇਨਜ਼ ਕਲੱਬ ਵਲੋਂ ਸਨਮਾਨ

ਡੇਰਾਬੱਸੀ, 8 ਦਸੰਬਰ (ਰਣਬੀਰ ਸਿੰਘ ਪੜ੍ਹੀ)-ਲਾਇਨਜ਼ ਕਲੱਬ ਡੇਰਾਬੱਸੀ ਵਲੋਂ 45 ਸਾਲਾ ਜਸਬੀਰ ਕੌਰ ਨੂੰ 'ਖੇਡਾਂ ਵਤਨ ਪੰਜਾਬ ਦੀਆਂ' ਤਹਿਤ ਸੂਬੇ ਪੱਧਰੀ ਮੁਕਾਬਲੇ ਦੌਰਾਨ 41-50 ਸਾਲ ਉਮਰ ਵਰਗ 'ਚ 800 ਮੀਟਰ ਅਤੇ 1500 ਮੀਟਰ ਦੌੜ ਵਿਚ ਸੋਨ ਤਗ਼ਮਾ ਜਿੱਤਣ ਬਦਲੇ ਯਾਦਗਾਰੀ ਚਿੰਨ੍ਹ ਅਤੇ ਸ਼ਾਲ ਦੇ ਕੇ ਸਨਮਾਨਿਤ ਕੀਤਾ। ਇਸ ਮੌਕੇ ਜਸਬੀਰ ਕੌਰ ਦੇ ਪਤੀ ਭੁਪਿੰਦਰ ਸਿੰਘ ਢਿੱਲੋਂ ਸੁੰਡਰਾਂ ਨੇ ਦੱਸਿਆ ਕਿ ਉਸ ਦੀ ਪਤਨੀ ਰੋਜ਼ਾਨਾ ਸਵੇਰੇ 4 ਵਜੇ ਉੱਠਦੀ ਹੈ ਅਤੇ ਪਟਿਆਲਾ ਦੀ ਪੰਜਾਬੀ ਯੂਨੀਵਰਸਿਟੀ ਦੇ ਟਰੈਕ 'ਤੇ ਘੰਟਿਆਂਬੱਧੀ ਅਭਿਆਸ ਕਰਦੀ ਹੈ। ਉਸ ਨੇ ਲੁਧਿਆਣਾ 'ਚ ਹੋਏ ਅਥਲੈਟਿਕਸ ਮੁਕਾਬਲੇ 'ਚ ਸੋਨੇ ਦਾ ਤਗ਼ਮਾ ਜਿੱਤਿਆ ਸੀ, ਜਿਸ ਤੋਂ ਬਾਅਦ ਉਸ ਨੇ ਚੰਡੀਗੜ੍ਹ 'ਚ ਕਰਵਾਈ ਗਈ ਮਾਸਟਰ ਅਥਲੈਟਿਕਸ 'ਚ ਵੀ ਸੋਨੇ ਦਾ ਤਗ਼ਮਾ ਆਪਣੇ ਨਾਂਅ ਕੀਤਾ ਹੈ। ਇਸ ਮੌਕੇ ਜਸਬੀਰ ਕੌਰ ਨੇ ਕਿਹਾ ਕਿ ਉਹ ਫਰਵਰੀ 'ਚ ਕੇਰਲਾ ਵਿਖੇ ਹੋਣ ਵਾਲੀ ਕੌਮੀ ਪੱਧਰ ਦੀ ਅਥਲੈਟਿਕ ਚੈਂਪੀਅਨਸ਼ਿਪ 'ਚ ਹਿੱਸਾ ਲੈਂਦਿਆਂ ਤਗ਼ਮਾ ਜਿੱਤਣ ਦੀ ਪੂਰੀ ਕੋਸ਼ਿਸ਼ ਕਰੇਗੀ। ਇਸ ਮੌਕੇ ਜਸਬੀਰ ਕੌਰ ਦੇ ਪਿਤਾ ਸਾਬਕਾ ਐੱਮ. ਡੀ. ਕੇਂਦਰੀ ਸਹਿਕਾਰੀ ਬੈਂਕ ਜਥੇ. ਬਲਜੀਤ ਸਿੰਘ ਕਾਰਕੌਰ ਨੇ ਦੱਸਿਆ ਕਿ ਉਨ੍ਹਾਂ ਦੀ ਬੇਟੀ ਬਚਪਨ ਤੋਂ ਹੀ ਅਥਲੈਟਿਕਸ ਈਵੈਂਟਾਂ 'ਚ ਭਾਗ ਲੈਂਦੀ ਆ ਰਹੀ ਹੈ। ਬਚਪਨ 'ਚ ਵੀ ਉਸ ਨੇ ਜ਼ਿਲ੍ਹਾ ਪੱਧਰ 'ਤੇ ਸੋਨ ਤਗਮਾ ਜਿੱਤਿਆ ਸੀ। ਇਸ ਮੌਕੇ ਲਾਇਨਜ਼ ਕਲੱਬ ਦੇ ਪ੍ਰਧਾਨ ਲਾਇਨ ਨਿਤਿਨ ਜਿੰਦਲ, ਲਾਇਨ ਰਮੇਸ਼ ਰਾਣਾ ਤੇ ਲਾਇਨ ਬਰਖਾ ਰਾਮ ਆਦਿ ਹਾਜ਼ਰ ਸਨ।

## ਕਹਾਣੀਕਾਰ ਸਰੂਪ ਸਿਆਲਵੀ ਦੀ ਪੁਸਤਕ 'ਤੇ ਵਿਚਾਰ ਚਰਚਾ ਅੱਜ

ਚੰਡੀਗੜ੍ਹ, 8 ਦਸੰਬਰ (ਔਜਲਾ)-ਸੁਰ ਸਾਂਝ ਕਲਾ ਮੰਚ ਅਤੇ ਸਾਹਿਤਕ ਮੰਚ ਖਰੜ ਦੇ ਸਹਿਯੋਗ ਨਾਲ ਚੰਡੀਗੜ੍ਹ ਵਿਚ ਪੰਜਾਬ ਕਲਾ ਭਵਨ ਵਿਖੇ ਕਹਾਣੀਕਾਰ ਸਰੂਪ ਸਿਆਲਵੀ ਦੀ ਪੁਸਤਕ 'ਵਰਗ (ਵਰਣ) ਸੰਘਰਸ਼ ਅਤੇ ਸੰਸਕ੍ਰਿਤੀਟਾਂ ਦੀ ਆਪਸੀ-ਨਿਰਭਰਤਾ' ਬਾਰੇ ਵਿਚਾਰ ਚਰਚਾ 9 ਦਸੰਬਰ ਨੂੰ ਕਰਵਾਈ ਜਾਵੇਗੀ। ਇਸ ਸਬੰਧੀ ਪ੍ਰਿੰਸੀ: ਸਤਨਾਮ ਸਿੰਘ ਸ਼ੋਕਰ, ਇੰਦਰਜੀਤ ਸਿੰਘ ਪ੍ਰੇਮੀ, ਪਰਮਜੀਤ ਮਾਨ ਅਤੇ ਤਰਸੇਮ ਬਸ਼ਰ ਨੇ ਦੱਸਿਆ ਕਿ ਇਸ ਸਮਾਰੋਹ ਦੀ ਪ੍ਰਧਾਨਗੀ ਉੱਘੇ ਸਾਹਿਤਕਾਰ ਅਤੇ ਚਿੰਤਕ ਡਾ. ਲਾਭ ਸਿੰਘ ਖੀਵਾ ਵਲੋਂ ਕੀਤੀ ਜਾਵੇਗੀ, ਜਦਕਿ ਪ੍ਰਸਿੱਧ ਵਿਦਵਾਨ ਅਤੇ ਆਲੋਚਕ ਡਾ. ਗੁਰਪਾਲ ਸਿੰਘ ਸੰਧੂ ਮੁੱਖ ਮਹਿਮਾਨ ਵਜੋਂ ਪੁੱਜਣਗੇ। ਸਮਾਰੋਹ ਦੇ ਕਨਵੀਨਰ ਸੁਰਜੀਤ ਸੁਮਨ ਆਦਿ ਦੇ ਸਹਿਯੋਗ ਵਿਚ ਬਲਵੰਤ ਮਾਂਗਟ ਪ੍ਰਚਾ ਲੇਖਕ ਹੋਣਗੇ, ਜਦਕਿ ਵਿਸ਼ੇਸ਼ ਮਹਿਮਾਨ ਵਜੋਂ ਡਾ. ਗੁਰਮੇਲ ਸਿੰਘ, ਡਾ. ਪ੍ਰਵੀਨ ਕੁਮਾਰ ਅਤੇ ਭਗਵੰਤ ਰਸੂਲਪੁਰੀ ਸ਼ਿਰਕਤ ਕਰਨਗੇ।


## ਸਿਰਲੇਖਵਾਰ ਇਸ਼ਤਿਹਾਰ Classified Advertisement

### ਕੰਨਿਆ ਦੀ ਲੋੜ Bride Wanted

ਜੱਟ ਸਿੱਖ Govt. Job ਲੜਕਾ 1994/6' B.Sc 16 Acre's Land ਲਈ ਵਧੀਆ ਪੜ੍ਹੀ-ਲਿਖੀ ਲੜਕੀ ਦੀ ਲੋੜ। 85449-57192. ....18w

ਕੈਨੇਡੀਅਨ ਸਿਟੀਜ਼ਨ ਜੱਟ ਸਿੱਖ ਕੱਦ 6'-1" ਲੜਕੇ ਲਈ ਪੜ੍ਹੀ-ਲਿਖੀ, ਸੋਹਣੀ-ਸੁਨੱਖੀ ਕੈਨੇਡੀਅਨ ਜਾਂ ਇੰਡੀਅਨ ਪਰਿਵਾਰਿਕ ਲੜਕੀ ਦੀ ਲੋੜ। ਲੜਕੇ ਦਾ ਪਰਿਵਾਰ ਕੈਨੇਡਾ ਵੈੱਲ ਸੈਟਲਡ। ਲੜਕਾ ਇੰਡੀਆ ਆਇਆ ਹੋਇਆ। ਬਾਇਓ ਡਾਟਾ Whatsapp 'ਤੇ ਭੇਜੋ 7986137214, 6280288170, 62802-22408 ....37w

ਜੱਟ ਸਿੱਖ ਗਿੱਲ 30/6'-0" ਆਸਟ੍ਰੇਲੀਆ PR ਲੜਕੇ ਲਈ ਪੜ੍ਹੀ-ਲਿਖੀ ਪਰਿਵਾਰਕ ਲੜਕੀ ਚਾਹੀਦੀ। ਬਿਊਰੋ ਮੁਆਫੀ। +61416340117 ਆਸਟ੍ਰੇਲੀਆ, +9198150-21756 ਵਟਸਐਪ, 76580-35239. ਇੰਡੀਆ। ....22w

### ਵਰ ਦੀ ਲੋੜ Groom Wanted

ਖੂਬਸੂਰਤ ਜੱਟਸਿੱਖ ਕੈਨੇਡਾ ਪੀ ਆਰ ਲੜਕੀ 2001/5'-8" B.Sc, Nursing, RN, 18 Acre's land ਇਕਲੌਤੀ ਲੜਕੀ ਲਈ ਵਧੀਆ ਖਾਨਦਾਨ ਦੀ ਲੋੜ। 80541-80294. ....20w

### ਵਰ ਦੀ ਲੋੜ Groom Wanted

ਜੱਟ ਸਿੱਖ ਲੜਕੀ 1999/5'-6" B.Sc Nursing ਲਈ Indian/ਵਿਦੇਸ਼ੀ ਪਰਿਵਾਰ ਦੀ ਲੋੜ। 81949-49983. ....15w

ਜੱਟ ਸਿੱਖ ਯੂ. ਕੇ. ਸਿਟੀਜ਼ਨ ਲੜਕੀ 2000/5'-7" B.Sc (Honours) Accountant ਲਈ ਵਧੀਆ ਪਰਿਵਾਰ ਦੀ ਲੋੜ। 98762-46527. ....15w

ਜੱਟ ਸਿੱਖ ਕੈਨੇਡਾ ਪੀ ਆਰ ਲੜਕੀ 1994/5'-6" Degree in Account (Canada) ਲਈ Indian/ਵਿਦੇਸ਼ੀ ਪਰਿਵਾਰ ਦੀ ਲੋੜ। 98783-33754. ....17w

ਜੱਟ ਸਿੱਖ ਕੈਨੇਡਾ ਪੀ ਆਰ ਲੜਕੀ 1996/5'-7" B.Sc Nursing Govt. Job RN ਲਈ Indian/ਵਿਦੇਸ਼ੀ ਪਰਿਵਾਰ ਦੀ ਲੋੜ। 98141-58021 ....19w

ਜੱਟ ਸਿੱਖ ਕੈਨੇਡਾ ਪੀ ਆਰ ਲੜਕੀ 1998/5'-7" B.Sc Nursing, RN ਲਈ Indian/ਵਿਦੇਸ਼ੀ ਪਰਿਵਾਰ ਦੀ ਲੋੜ। 78370-05734. ....15w

ਰਾਮਦਾਸੀਆ ਸਿੱਖ ਨਿਊਜ਼ੀਲੈਂਡ ਸਿਟੀਜ਼ਨ ਲੜਕੀ 1999/5'-5" M.Sc ਲਈ Indian/ਵਿਦੇਸ਼ੀ ਪਰਿਵਾਰ ਦੀ ਲੋੜ। 98555-11185. ....15w

### ਵਰ ਦੀ ਲੋੜ Groom Wanted

ਰਾਮਦਾਸੀਆ ਸਿੱਖ ਆਸਟ੍ਰੇਲੀਆ ਪੀ ਆਰ ਲੜਕੀ 2000/5'-7" Bachelor's of Nursing Registered Nurse ਲਈ Indian/ਵਿਦੇਸ਼ੀ ਪਰਿਵਾਰ ਦੀ ਲੋੜ। Caste no Bar. ਲੜਕੀ India ਆਈ ਹੈ। 90563-63382. ....26w

ਮਜ਼ਬੀ ਸਿੱਖ Govt. Bank Job ਲੜਕੀ 1998/5'-6" B.Sc (Honours) ਲਈ Govt. Employee ਜਾਂ Businessman ਲੜਕੇ ਦੀ ਲੋੜ। 83601-14860. ....19w

ਮਜ਼ਬੀ ਸਿੱਖ ਕੈਨੇਡਾ ਪੀ ਆਰ ਲੜਕੀ 1998/5'-5" B.Sc Nursing, RN ਲਈ ਵਧੀਆ ਪਰਿਵਾਰ ਦੀ ਲੋੜ। 99150-95937. ....15w

### ਸੂਚਨਾ

ਇਸ਼ਤਿਹਾਰ ਦਾਤਾਵਾਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਇਸ਼ਤਿਹਾਰਾਂ ਵਿਚ ਕਿਸੇ ਵੀ ਤਰ੍ਹਾਂ ਦੀ ਗ਼ਲਤੀ ਹੋਣ 'ਤੇ 7 ਦਿਨਾਂ ਦੇ ਅੰਦਰ ਮੁੱਖ ਦਫ਼ਤਰ ਸੰਪਰਕ ਕੀਤਾ ਜਾਵੇ। ਇਸ ਤੋਂ ਬਾਅਦ ਕੀਤੇ ਕਿਸੇ ਵੀ ਦਾਅਵੇ ਦਾ ਮੁੱਖ ਦਫ਼ਤਰ ਜ਼ਿੰਮੇਵਾਰ ਨਹੀਂ ਹੋਵੇਗਾ।
-ਇਸ਼ਤਿਹਾਰ ਮੈਨੇਜਰ



### ਸੂਚਨਾ Notice
### ਨਾਂਅ ਦੀ ਬਦਲੀ Change of Name

I, Sahil S/o Devi Dyal R/o H. No. 01 Near Vikash Dharam Shala, Abdullapur Basti Ludhiana (Punjab) have changed my name Sahil to Sahil Kumar. Concerned note. ....27w



### ਨੌਕਰੀਆਂ/ਰੋਜ਼ਗਾਰ jobs jobs jobs
### ਅਸਾਮੀਆਂ Vacancy

Golden Chance ਚਾਹੀਦੇ Bank/MNC ਅੱਠਵੀਂ, ਦਸਵੀਂ, ਬਾਰ੍ਹਵੀਂ, ਗ੍ਰੈਜੂਏਟ ਲੜਕੇ-ਲੜਕੀਆਂ (14,000-30,000) 7837691675, 7837048128. ....15w



### ਇਲਾਜ Medical
### ਬਿਊਟੀ Beauty

ਦਾੜ੍ਹੀ ਦਾ ਸਫੇਦ ਹੋਣਾ, ਵਾਲਾਂ ਦਾ ਝੜਨਾ, ਕੰਪਿਊਟਰਾਈਜ਼, ਮਸ਼ੀਨਾਂ ਦੁਆਰਾ ਟੈਸਟ ਕਰਕੇ ਲੇਜ਼ਰ ਮਸ਼ੀਨ/ਪੀ ਆਰ ਪੀ ਨਾਲ ਠੀਕ। ਲੇਜਰ+ਦਵਾਈ 1200-1500/-ਹਫਤਾ। ਸਿਰੀਰਾਮ ਹਸਪਤਾਲ, ਫਰੀਦਕੋਟ। 98143-32202. ....27w

### ਪਾਠਕਾਂ ਦੇ ਧਿਆਨ ਹਿਤ

ਪਾਠਕਾਂ ਨੂੰ ਬੇਨਤੀ ਹੈ ਕਿ ਇਸ ਅਖ਼ਬਾਰ ਵਿਚ ਪ੍ਰਕਾਸ਼ਿਤ ਕਿਸੇ ਵੀ ਇਸ਼ਤਿਹਾਰ ਦੇ ਸਬੰਧ ਵਿਚ ਕਿਸੇ ਵੀ ਤਰ੍ਹਾਂ ਦਾ ਕਦਮ ਚੁੱਕਣ (ਧਨ ਭੇਜਣ, ਡਾਕਟਰੀ ਸਲਾਹ ਜਾਂ ਹੋਰ ਕਿਸੇ ਤਰ੍ਹਾਂ ਦੀ ਕਾਰਵਾਈ) ਤੋਂ ਪਹਿਲਾਂ ਚੰਗੀ ਤਰ੍ਹਾਂ ਪੜਤਾਲ ਕਰ ਲੈਣ। ਕਿਸੇ ਉਤਪਾਦ/ਸੇਵਾਵਾਂ/ਰਿਸ਼ਤੇ ਅਤੇ ਵਿਆਹ ਦੇ ਸਬੰਧ ਵਿਚ ਕੀਤੇ ਕਿਸੇ ਇਸ਼ਤਿਹਾਰਦਾਤਾ ਦੇ ਕਿਸੇ ਤਰ੍ਹਾਂ ਦੇ ਦਾਅਵਿਆਂ ਤੇ ਵਾਅਦਿਆਂ ਲਈ 'ਅਜੀਤ' ਜ਼ਿੰਮੇਵਾਰ ਨਹੀਂ ਹੋਵੇਗਾ। 'ਅਜੀਤ' ਕਿਸੇ ਇਸ਼ਤਿਹਾਰ ਦੇ ਸਬੰਧ ਵਿਚ ਚੁੱਕੇ ਕਿਸੇ ਕਦਮ ਦੇ ਨਤੀਜੇ ਅਤੇ ਇਸ਼ਤਿਹਾਰਦਾਤਾਵਾਂ ਦੇ ਆਪਣੇ ਵਾਅਦਿਆਂ 'ਤੇ ਖਰਾ ਨਾ ਉਤਰਨ ਲਈ ਜ਼ਿੰਮੇਵਾਰ ਨਹੀਂ ਹੋਵੇਗਾ।